# "ਸੁਹਾਗ" ਇਕਾਂਗੀ
# ਵਿਸ਼ਾ ਵਸਤੂ

"ਸੁਹਾਗ" ਇਕਾਂਗੀ ਈਸ਼ਵਰ ਚੰਦਰ ਨੰਦਾ ਦੀ ਲਿਖੀ ਹੋਈ ਹੈ। "ਈਸ਼ਵਰ ਚੰਦਰ ਨੰਦਾ" ਆਧੁਨਿਕ ਪੰਜਾਬੀ ਸਾਹਿਤ ਦਾ ਪਹਿਲਾ ਇਕਾਂਗੀਕਾਰ ਹੈ। ਇਸ ਨੂੰ ਇਕਾਂਗੀ ਦਾ ਪਿਤਾਮਾਹ ਵੀ ਕਿਹਾ ਜਾਂਦਾ ਹੈ। ਆਪਣੇ ਨਾਟਕ ਅਤੇ ਇਕਾਂਗੀਆ ਵਿੱਚ ਸਮਾਜਿਕ ਸਮਸਿਆ ਨੂੰ ਪੇਸ਼ ਕੀਤਾ ਗਿਆ ਹੈ।

**ਰੋਸ਼ਨ ਲਾਲ ਅਹੂਜਾ ਤੇ ਮਨਜੀਤ ਪਾਲ ਕੌਰ** ਅਨੁਸਾਰ– ਈਸ਼ਵਰ ਚੰਦਰ ਨੰਦਾ ਨੇ ਸਮਾਜ ਦੀਆਂ ਸਮੱਸਿਆਵਾਂ ਨੂੰ ਨਾਟਕੀ ਢੰਗ ਨਾਲ ਪੇਸ਼ ਕੀਤਾ ਹੈ ਅਤੇ ਉਨ੍ਹਾਂ ਦੇ ਹੱਲ ਵੀ ਕੀਤੇ ਹਨ। ਇਸ ਲਈ ਉਸ ਨੂੰ ਸਮਾਜ ਸੁਧਾਰਕ ਵੀ ਕਿਹਾ ਜਾਂਦਾ ਹੈ।

(ਆਧੁਨਿਕ ਇਕਾਂਗੀ–ਪੰਨਾ ਨੰ. 121

ਆਪ ਜੀ ਦੀਆਂ ਸਾਹਿਤਕ ਰਚਨਾਵਾਂ– ਝਲਕਾਰੇ, ਲਿਸ਼ਕਾਰੇ, ਚਮਕਾਰੇ (ਇਕਾਂਗੀ ਸੰਗ੍ਰਹਿ) ਅਤੇ ਸ਼ੁਭੱਦਰਾ, ਵਰ ਘਰ, ਸੋਸ਼ਲ ਸਰਕਲ (ਪੂਰੇ ਨਾਟਕ) ਆਦਿ ਹਨ।

ਸੁਹਾਗ ਇਕਾਂਗੀ ਨੂੰ ਜਾਣਨ ਤੋਂ ਪਹਿਲਾਂ ਇਕਾਂਗੀ ਬਾਰੇ ਜਾਣਨਾ ਜਰੂਰੀ ਹੈ। ਇਕਾਂਗੀ ਤੋਂ ਭਾਵ ਇਕ ਅੰਗ ਵਾਲੀ ਸਾਹਿਤਕ ਰਚਨਾ। ਕੋਈ ਵੀ ਸਾਹਿਤ ਕਾਰ ਜਦੋਂ ਜੀਵਨ ਦੀਆ ਅਨੇਕਾ ਘਟਨਾਵਾਂ 'ਚੋਂ ਕੋਈ ਇਕ ਘਟਨਾ ਨੂੰ ਵਿਸ਼ਾ ਬਣਾ ਕੇ ਕੁਝ ਪਾਤਰਾਂ, ਵਾਰਤਾਲਾਪਾਂ, ਰਾਹੀਂ 30 ਤੋਂ 45 ਮਿੰਟਾਂ ਵਿੱਚ ਪੜ੍ਹੀ ਜਾਣ ਰਚਨਾ ਦੀ ਸਿਰਜਣਾ ਕਰਦਾ ਹੈ ਉਸ ਨੂੰ ਇਕਾਂਗੀ ਕਿਹਾ ਜਾਂਦਾ ਹੈ। ਭਾਵ ਇਹ ਜੀਵਨ ਦੀ ਕਿਸੇ ਇਕ ਝਲਕ ਦੀ ਪੇਸ਼ਕਾਰੀ ਕਰਦੀ ਹੈ।

**ਪ੍ਰੋ. ਬ੍ਰਹਮਜਗਦੀਸ ਸਿੰਘ-** ਆਈ.ਸੀ.ਨੰਦਾ ਦੇ ਸਾਰੇ ਇਕਾਂਗੀਆਂ ਵਿੱਚ ਸੁਧਾਰਵਾਦੀ ਰੂਚੀ ਦ੍ਰਿਸ਼ਟੀਗੋਚਰ ਹੁੰਦੀ ਹੈ।

(ਈਸ਼ਵਰ ਚੰਦਰ ਨੰਦਾ, ਨਾਟ-ਸੰਸਾਰ, ਪੰਨਾ-15)

ਸੁਹਾਗ ਇਕਾਂਗੀ ਜੋ ਕਿ ਸਮਾਜਿਕ ਸਮੱਸਿਆ ਤੇ ਆਧਾਰਿਤ ਹੈ, ਦੀ ਰਚਨਾ **ਦੇਹਾਤੀ ਨਾਟਕਕਾਰ "ਈਸ਼ਵਰ ਚੰਦਰ ਨੰਦਾ"** ਨੇ ਕੀਤੀ ਹੈ। ਆਪ ਨੇ ਆਪਣੀ ਇਸ ਇਕਾਂਗੀ ਦਾ ਵਿਸ਼ਾ- ਆਰਥਿਕ ਮੰਦਹਾਲੀ ਕਾਰਨ ਅਨਜੋੜ ਵਿਆਹ ਦੀ ਸਮੱਸਿਆ ਨੂੰ ਪੇਸ਼ ਕੀਤਾ ਹੈ। ਇਸ ਸਮੱਸਿਆ ਨੂੰ ਪੇਸ਼ ਕਰਨ ਦੇ ਨਾਲ-2 ਆਪ ਨੇ ਉਸ ਸਮੇਂ ਦੇ ਸਮਾਜ ਵਿੱਚ ਫੈਲੀਆ ਕੁਰੀਤੀਆ ਜਿਵੇਂ- ਅਮੀਰਾਂ ਦੁਆਰਾਂ ਗਰੀਬਾਂ ਦੀ ਸ਼ੋਸ਼ਣ, ਜਬਰੀ ਵਿਆਹ, ਮਰਦ ਪ੍ਰਧਾਨ ਸਮਾਜ ਅਨਪੜ੍ਹਤਾ, ਵਹਿਮਾ-ਭਰਮਾ ਦਾ ਬੋਲ ਬਾਲਾ, ਧੀਆਂ ਦਾ ਵਿਉਪਾਰੀਕਰਨ ਅਤੇ ਬਾਲ ਵਿਆਹ ਵਰਗੀ ਕੁਰੀਤੀ ਦੀ ਵੀ ਪੇਸ਼ਕਾਰੀ ਕੀਤੀ ਹੈ।

ਇਕਾਂਗੀਕਾਰ ਨੇ ਆਪਣੀ ਇਸ ਇਕਾਂਗੀ ਵਿਚ **ਅਨਜੋੜ ਵਿਆਹ ਦੀ** ਸਮੱਸਿਆ ਨੂੰ "ਮੂਲ ਵਿਸ਼ਾ" ਦਰਸਾਇਆ ਹੈ। ਇਕਾਂਗੀ ਵਿਚਲਾ ਪਾਤਰ ਹੁਸ਼ਿਆਰਚੰਦ ਅਨਜੋੜ ਵਿਆਹ ਕਰਵਾਉਣ ਦਾ ਜਿੰਮੇਵਾਰ ਹੈ। ਉਹ ਆਪਣੀ 18 ਵਰ੍ਹਿਆ ਦੀ ਧੀ ਮੇਲੋ ਦਾ ਵਿਆਹ ਰਿਟਾਇਰਡ ਹੋ ਚੁੱਕੇ (ਪੈਨਸ਼ਨਰ) ਬੁੱਢੇ ਨਾਲ ਕਰਵਾਉਣਾ ਨਿਸਚਿਤ ਕਰਦਾ ਹੈ ਪਰ ਕੁੜੀ ਦੇ ਘਰੋਂ ਭਜ ਜਾਣ ਕਾਰਨ ਉਹ ਆਪਣੀ 6-7 ਸਾਲਾਂ ਦੀ ਧੀ ਦਾ ਵਿਆਹ ਬੁੱਢੇ ਨਾਲ ਕਰ ਦਿੰਦਾ ਹੈ ਜੋ ਕਿ ਅਨਜੌੜ ਵਿਆਹ ਨੂੰ ਪੇਸ਼ ਕਰਦਾ ਹੈ। ਜਦੋਂ ਮੇਲੋ ਘਰੋਂ ਭਜ ਜਾਂਦੀ ਹੈ ਤਾਂ ਹੁਸ਼ਿਆਰਚੰਦ ਆਪਣੀ ਛੋਟੀ ਧੀ ਦਾ ਵਿਆਹ ਕਰਨ ਲਈ ਤਿਆਰ ਹੋ ਜਾਂਦਾ ਹੈ।

ਉਹ ਕੌਰਾ ਨੂੰ ਕਹਿੰਦਾ ਹੈ ਕਿ- ਛੇਤੀ ਕਰ ਲਾਵਾਂ ਵਾਲੀ ਚੁੰਨੀ ਪਾ ਲਾਜੋ ਤੇ, ਨਹੀ ਤਾਂ ਰਹਿ ਨਹੀਉ ਆਉਂਦੀ।

ਇਕਾਂਗੀਕਾਰ ਨੇ ਅਨਜੋੜ ਵਿਆਹ ਦੀ ਸਮੱਸਿਆ ਦਾ ਮੂਲ ਕਾਰਨ **ਆਰਥਿਕ ਮੰਦਹਾਲੀ** ਨੂੰ ਦਰਸਾਇਆ ਹੈ। ਇਕਾਂਗੀਕਾਰ ਅਨੁਸਾਰ ਉਸ ਸਮੇਂ ਦੇ ਲੋਕ ਆਪਣੀ ਆਰਥਿਕ ਮੰਦਹਾਲੀ ਕਾਰਨ ਨਾ ਚਾਹੁੰਦਿਆ ਹੋਇਆ ਵੀ ਆਪਣੀਆ ਧੀਆਂ ਦਾ ਵਿਆਹ ਉਹਨਾਂ ਤੋਂ ਵੱਡੀ ਉਮਰ ਦੇ ਵਿਅਕਤੀਆਂ ਨਾਲ ਕਰ ਦਿੰਦੇ ਸਨ। ਇਕਾਂਗੀ ਵਿਚਲਾ ਪਾਤਰ ਹੁਸ਼ਿਆਰਚੰਦ ਅਤੇ ਉਸ ਦਾ ਪਰਿਵਾਰ ਬਹੁਤ ਗਰੀਬ ਹੈ। ਹੁਸ਼ਿਆਰਚੰਦ ਕੋਲ ਇੰਨੇ ਸਾਧਨ ਨਹੀ ਕਿ ਉਹ ਆਪਣੀ ਧੀ ਦਾ ਵਿਆਹ ਸੀ ਉਮਰ ਵਿਚ ਉਸ ਦੇ ਹਮ ਉਮਰ ਵਿਅਕਤੀ ਨਾਲ ਕਰ ਸਕੇ। ਇਸ ਲਈ ਉਹ ਆਰਥਿਕ ਮੰਦਹਾਲੀ ਨੂੰ ਦੂਰ ਕਰਨ ਲਈ ਅਨਜੋੜ ਵਿਆਹ ਕਰਨ ਲਈ ਤਿਆਰ ਹੋ ਜਾਂਦਾ ਹੈ।

ਪੁਰਾਣੇ ਸਮੇਂ ਵਿੱਚ ਆਰਥਿਕ ਮੰਦਹਾਲੀ ਦਾ ਮੂਲ ਕਾਰਨ **ਅਨਪੜ੍ਹਤਾ** ਵੀ ਸੀ। ਅਨਪੜ੍ਹ ਲੋਕ ਧੀਆ ਨੂੰ ਭਾਰ ਸਮਝਦੇ ਹਨ ਅਤੇ ਜਲਦੀ ਤੋਂ ਜਲਦੀ ਇਸ ਭਾਰ ਤੋਂ ਮੁਕਤ ਹੋਣਾ ਲੋਚਦੇ ਹਨ। ਜਿਵੇਂ ਇਸ ਇਕਾਂਗੀ ਵਿੱਚ ਮੇਲੋ ਜਿਸ ਦੀ ਉਮਰ ਸਿਰਫ 18 ਵਰ੍ਹਿਆਂ ਦੀ ਹੈ ਉਸ ਨੂੰ ਉਸ ਦੇ ਮਾਂ-ਪਿਉ ਜਲਦੀ ਤੋਂ ਜਲਦੀ ਵਿਆਹ ਕੇ ਘਰੋਂ ਭੇਜਣਾ ਚਾਹੁੰਦੇ ਹਨ। ਇਸ ਲਈ ਉਹ ਵਰ ਦੀ ਬਹੁਤੀ ਪਰਖ ਨਹੀ ਕਰਦੇ ਕਿਉਂਕਿ ਉਹਨਾਂ ਲਈ ਧੀ ਦੇ ਬੋਝ ਤੋਂ ਮੁਕਤ ਹੋਣਾ ਹੀ ਬਹੁਤ ਵੱਡੀ ਗੱਲ ਹੈ।

ਕੋਰਾ- ਹਾਏ, ਨਹੀ ਨਹੀ, ਹਾਏ ਜ਼ੁਲਮ-ਜ਼ੁਲਮ।

ਹੁਸ਼ਿਆਰਚੰਦ- ਜ਼ੁਲਮ ਦੀ ਲਗਦੀ ਨਾ ਹੋਵੇ।

ਅਨਪੜ੍ਹ ਲੋਕ ਬਹੁਤ ਜਲਦੀ **ਵਹਿਮਾ-ਭਰਮਾਂ** ਦੇ ਵੀ ਸ਼ਿਕਾਰ ਹੋ ਜਾਂਦੇ ਸਨ। ਹੁਸ਼ਿਆਰ ਚੰਦ ਵੀ ਆਪਣੀ ਧੀ ਦੇ ਵਿਆਹ ਵਿੱਚ ਸਿੰਘਤ ਪੈ ਜਾਣ ਕਾਰਨ ਦੇਰੀ ਨਹੀ ਕਰਨਾ ਚਾਹੁੰਦੇ। ਇਸ ਲਈ ਉਹ (ਹੁਸ਼ਿਆਰਚੰਦ) ਆਪਣੀ ਧੀ ਦਾ ਵਿਆਹ ਸਿੰਘਤ ਪੈਣ ਤੋਂ ਇਕ ਦਿਨ ਪਹਿਲਾਂ ਹੀ ਕਰਨ ਦਾ ਫੈਸਲਾ ਕਰਦਾ ਹੈ। ਇਸ ਤਰ੍ਹਾਂ ਇਹ ਇਕਾਂਗੀ ਦਰਸਾਉਂਦੀ ਹੈ ਕਿ ਉਸ ਸਮੇਂ ਦੇ ਲੋਕ ਚੰਗੇ ਅਤੇ ਬੁਰੇ ਦਿਨਾਂ ਪ੍ਰਤੀ ਵਹਿਮ ਕਰਦੇ ਸਨ ਅਤੇ ਹਰ ਸ਼ੁੱਭ ਕੰਮ ਵਹਿਮਾਂ ਅਨੁਸਾਰ ਬੁਰੇ ਦਿਨਾਂ ਤੋਂ ਪਹਿਲਾਂ ਹੀ ਕਰ ਲਿਆ ਜਾਂਦਾ ਸੀ। ਇਹਨਾਂ ਵਹਿਮਾ-ਭਰਮਾਂ ਦਾ ਸ਼ਿਕਾਰ ਮੂਲ ਰੂਪ ਵਿਚ ਅਨਪੜ੍ਹ ਲੋਕ ਹੀ ਹੁੰਦੇ ਹਨ। ਜਿਵੇ ਇਕਾਂਗੀ ਵਿੱਚ-ਕੌਰਾ, ਹੁਸ਼ਿਆਰਚੰਦ, ਨੈਣ ਆਦਿ।

ਬੁੱਢੀ - ਕੌਰਾ ਨੂੰ ਕਹਿੰਦੀ ਹੈ- ਪਰ ਕਲ ਦੀ ਘੜੀ ਤਾ ਤੁਸੀ ਡੱਕੇ ਗਏ। ਪੰਡਤਾਣੀ ਗੱਲ ਕਰਦੀ ਸੀ ਪਈ ਕਲ੍ਹ ਤੋਂ ਸਿੰਘਤ ਪੈ ਜਾਣੀ ਏ।

ਇਕਾਂਗੀਕਾਰ ਦੱਸਦਾ ਹੈ ਕਿ ਉਸ ਸਮੇਂ **ਅਮੀਰਾ ਦੁਆਰ ਗਰੀਬਾਂ ਦਾ ਸ਼ੋਸ਼ਣ** ਕੀਤਾ ਜਾਂਦਾ ਸੀ। ਅਮੀਰ ਆਪਣੇ ਪੈਸੇ ਅਤੇ ਰੁਤਬੇ ਕਾਰਨ ਹਰ ਜਾਇਜ ਅਤੇ ਨਾਜ਼ਾਇਜ਼ ਮੰਗ ਪੂਰੀ ਕਰ ਲੈਂਦੇ ਸਨ। ਉਹਨਾਂ ਦੀਆਂ ਮੰਗਾਂ ਅੱਗੇ ਗਰੀਬ ਵਰਗ ਨੂੰ ਝੁੱਕਣਾ ਪੈਂਦਾ ਸੀ। ਇਕਾਂਗੀ ਵਿੱਚ ਜੰਡ ਪਰੇ ਪਿੰਡ ਦਾ ਬੁੱਢਾ ਪੈਨਸ਼ਨਰ ਜੋ ਤਿੰਨ ਬੱਚਿਆ (ਦੋ ਪੁੱਤਰ ਅਤੇ ਇਕ ਧੀ-ਵਿਆਹੇ ਹੋਏ) ਦਾ ਪਿਉ ਹੈ ਜੋ ਆਪਣੀ ਆਰਥਿਕ ਖੁਸ਼ਹਾਲੀ ਕਾਰਨ ਆਪਣੀ ਨਾਜਾਇਜ਼ ਮੰਗ (ਮੇਲੋ ਨਾਲ ਉਸ ਦਾ ਵਿਆਹ) ਨੂੰ ਪੂਰਾ ਕਰਨ ਲਈ ਉਸ ਦੇ ਪਿਤਾ ਦਾ ਗਰੀਬ ਹੋਣ ਕਾਰਨ ਸ਼ੋਸ਼ਣ ਕਰਦਾ ਹੈ ਅਤੇ ਉਸ ਨੂੰ ਲਾਲਚ ਦੇ ਕੇ ਉਸ ਦੀ ਧੀ ਨਾਲ ਵਿਆਹ ਕਰਵਾਉਣਾ ਤੈਅ ਕਰ ਲੈਂਦਾ ਹੈ।

ਉਸ ਸਮੇਂ **ਮਰਦ ਪ੍ਰਧਾਨ ਸਮਾਜ** ਸਦਕਾ **ਜ਼ਬਰੀ ਵਿਆਹ ਦੀ ਰੀਤ** ਵੀ ਪ੍ਰੱਚਲਿਤ ਸੀ। ਪਿਤਾ ਆਪਣੀਆਂ ਧੀਆਂ ਦੇ ਵਿਆਹ ਛੋਟੀ ਉਮਰ ਵਿੱਚ ਹੀ ਉਹਨਾਂ ਦੀ ਮਰਜੀ ਪੁੱਛੇ ਬਿਨਾਂ ਤੈਅ ਕਰ ਦਿੰਦੇ ਸਨ ਪੁਰਾਣੇ ਸਮੇਂ ਵਿੱਚ ਕੁੜੀਆਂ ਦਾ ਵਿਆਹ ਛੋਟੀ ਉਮਰ ਵਿਚ ਕਰ ਦਿੱਤਾ ਜਾਂਦਾ ਸੀ। ਉਹ ਆਪਣੀ ਸੂਰਤ ਸੰਭਾਲਣ ਤੋਂ ਪਹਿਲਾ ਹੀ ਪਰਿਵਾਰਿਕ ਜਿੰਮੇਵਾਰੀਆ ਵਿੱਚ ਬੱਝ ਜਾਂਦੀਆ ਹਨ। ਜਿਵੇਂ

ਕੌਰਾ ਕਹਿੰਦੀ ਹੈ ਕਿ- "ਪਿਛਲਿਆ ਜ਼ਮਾਨਿਆ ਵਿੱਚ ਕੁੜੀ ਪੰਜਵਾਂ ਟਪਦੀ ਨਹੀ ਸੀ ਤੇ ਉਸਦਾ ਵਿਆਹ ਕਰ ਦਿੰਦੇ ਸਨ। ਲੈ ਮੈਨੂੰ ਆਪਣੇ ਵਿਆਹ ਦੀ ਕੋਈ ਸਾਰ ਨਹੀਂ ਕਦੋਂ ਹੋਇਆ।"

ਇੰਝ ਜਦ ਧੀਆਂ ਨੂੰ ਇਸ ਦਾ ਪੱਤਾ ਲਗਦਾ ਸੀ ਕਿ ਉਹਨਾਂ ਦਾ ਵਿਆਹ ਉਹਨਾਂ ਦੇ ਹਮ ਉਮਰ ਨਾਲ ਨਹੀਂ ਹੋ ਰਿਹਾ ਤਾਂ ਉਹ ਬਹੁਤ ਵਿਰੋਧ ਕਰਦੀਆਂ ਸਨ ਪਰ ਅੰਤ ਵਿਚ ਆਪਣੇ ਮਾਪਿਆ ਦੇ ਜ਼ਬਰਦਸਤੀ ਵਿਆਹ ਕਰਨ ਵਾਸਤੇ ਤਿਆਰ ਹੋ ਜਾਂਦੀਆਂ ਸਨ। ਅਜਿਹੇ ਜਬਰੀ ਵਿਆਹ ਦਾ ਉਦਾਹਰਨ ਇਕਾਂਗੀ ਦੇ ਅੰਤ ਵਿੱਚ ਛੇ-ਸੱਤਾਂ ਸਾਲਾਂ ਦੀ ਲਾਜੋ ਦਾ ਵਿਆਹ ਹੁਸ਼ਿਆਰਚੰਦ ਬੁੱਢੇ ਨਾਲ ਜ਼ਬਰਦਸਤੀ ਕਰਵਾ ਦਿੰਦਾ ਹੈ। ਭਾਵ ਇਸ ਦਾ ਵਿਰੋਧ ਉਸ ਦੀ ਪਤਨੀ ਅਤੇ ਧੀ ਕਰਦੀ ਹੈ ਪਰ ਅੰਤ ਵਿਚ ਜ਼ਬਰੀ ਵਿਆਹ ਹੋ ਹੀ ਜਾਂਦਾ ਹੈ।

ਕੌਰਾ "ਹਾਏ ਵੇ ਜ਼ੁਲਮ ਹੋ ਗਿਆ, ਜ਼ੁਲਮ।"

ਲਾਜੋ "ਮੇਰੀਆ ਗੁੱਡੀਆ ਹਾਏ ਮੇਰੀਆ ਗੁੱਡੀਆ। ਮੈਨੂੰ ਗੁੱਡੀਆ ਨਾਲ ਖੇਡਣ ਦਿਉ।"

ਇੰਝ ਪੁਰਾਣੇ ਸਮੇਂ ਦੇ ਲੋਕਾਂ ਵਿੱਚ ਅੰਦਰ ਇੰਨੀ ਸੂਝ ਹੀ ਨਹੀ ਸੀ ਕਿ ਉਹ ਆਪਣੇ ਬੱਚਿਆ ਦੇ ਭੱਵਿਖ ਬਾਰੇ ਸੋਚਣ ਖਾਸ ਤੌਰ ਤੇ ਧੀਆ ਬਾਰੇ। ਉਹ ਧੀਆਂ ਨੂੰ ਪੜ੍ਹਾ ਲਿਖਾ ਕੇ ਕਾਬਿਲ ਬਣਾਉਣ ਦੀ ਥਾਂ ਵਿਆਹ ਕਰਕੇ ਆਪਣੀ ਜਿੰਮੇਵਾਰੀ ਤੋਂ ਮੁਕਤ ਹੋਣਾ ਚੰਗਾ ਸਮਝਦੇ ਸਨ। ਇਸੇ ਸੋਚ ਦੇ ਸਦਕਾ ਹੁਸ਼ਿਆਰਚੰਦ ਨੇ ਵੀ ਆਪਣੀ ਵੱਡੀ ਧੀ ਦੇ ਵਿਆਹ ਵਾਲੇ ਦਿਨ ਘਰੋਂ ਭੱਜ ਜਾਣ ਕਾਰਨ ਆਪਣੀ ਛੋਟੀ ਧੀ ਲਾਜੋ ਦਾ ਵਿਆਹ ਬੁੱਢੇ ਨਾਲ ਕਰ ਦਿੱਤਾ। ਜੋ ਕਿ ਉਸ ਸਮੇਂ ਦੀ **ਬਾਲ ਵਿਆਹ ਦੀ ਸਮੱਸਿਆ** ਨੂੰ ਪੇਸ਼ ਕਰਦੀ ਹੈ ਅਤੇ ਜਿਸ ਦਾ ਸਿੱਟਾ ਅਨਜੋੜ ਵਿਆਹ ਵਿਚ ਨਿਕਲਦਾ ਹੈ।

ਸੋ ਅੰਤ ਵਿੱਚ ਅਸੀ ਕਹਿ ਸਕਦੇ ਹਾਂ ਕਿ ਆਈ.ਸੀ. ਨੰਦਾ ਨੇ ਆਪਣੇ ਇਸ ਇਕਾਂਗੀ ਵਿੱਚ ਸਾਡੇ ਸਮਾਜ ਦੀ ਭੱਖਦੀ ਹੋਈ ਸਮੱਸਿਆ, "ਅਨਜੋੜ ਵਿਆਹ" ਨੂੰ ਮੂਲ ਵਿਸ਼ੇ ਵਜੋਂ ਲਿਆ ਹੈ ਤੇ ਇਹ ਦੱਸਿਆ ਹੈ ਕਿ ਗਰੀਬੀ ਇਨਸਾਨ ਨੂੰ ਦੋ ਵਕਤ ਦੀ ਰੋਟੀ ਤੋਂ ਉਪਰ ਕੁਝ ਵੀ ਸੋਚਣ ਨਹੀ ਦਿੰਦੀ। ਉਹ ਆਪਣੀ ਆਰਥਿਕ ਮੰਦਹਾਲੀ ਨੂੰ ਦੂਰ ਕਰਨ ਲਈ ਧੀਆਂ ਦਾ ਵਿਉਪਾਰ ਕਰਨ ਤੋਂ ਵੀ ਗੁਰੇਜ ਨਹੀਂ ਕਰਦੇ ਸਨ। ਇਸ ਤਰ੍ਹਾਂ ਇਸ ਇਕਾਂਗੀ ਦਾ ਵਿਸ਼ਾ ਸਮਾਜਿਕ ਹੈ ਅਤੇ ਇਕਾਂਗੀਕਾਰ ਨੇ ਇਸ ਰਾਹੀ ਪਾਠਕਾਂ ਨੂੰ ਸੁਚੇਤ ਕੀਤਾ ਹੈ ਕਿ ਪੁਰਾਤਨ ਸਮਾਜ ਵਿਚ ਫੈਲੀਆਂ ਸਾਰੀਆਂ ਕੁਰੀਤੀਆਂ ਤੋਂ ਜਾਗਰੂਕ ਹੋ ਕੇ ਮਨੁੱਖ ਨੂੰ ਇਹਨਾਂ ਦੇ ਖਾਤਮੇ ਲਈ ਉਪਰਾਲੇ ਕਰਨੇ ਚਾਹੀਦੇ ਹਨ।

ਪ੍ਰਸਤੂਤ ਕਰਤਾ

**ਪੂਨਮ ਸ਼ਰਮਾ**

**ਅਸਿਸਟੈਂਟ ਪ੍ਰੋਫੈਸਰ**

**ਪੰਜਾਬੀ ਵਿਭਾਗ,**

**ਐਚ.ਐਮ.ਵੀ, ਜਲੰਧਰ।**